**Vigilance Bureau Punjab**

## VIGILANCE NABS JUNIOR AUDITOR FOOD SUPPLIES DEPARTMENT FOR TAKING BRIBE

Chandigarh, August 22: The Vigilance Bureau Punjab today nabbed a junior auditor, food and civil supplies department red handed while accepting bribe of Rs. 5,000.

Disclosing this here an official spokesperson of the Vigilance Bureau said Jaspal Singh, junior auditor, posted at food and civil supplies department, Patiala was nabbed red handed by Vigilance team for accepting bribe of Rs. 5,000 from complainant Harinder Pal, owner of Sri Ram Sharnam Rice Mill, Dugal, Patran in Patiala district.

The complainant has approached the VB and alleged that the above said junior auditor was demanding bribe of Rs. 5,000 for clearing payment bills pertaining to his rice mill.

After verifying his information, the Vigilance team laid a trap and the accused employee was arrested on the spot while accepting bribe of Rs. 5,000/- from the complainant in the presence of two official witnesses

He informed that a case under Prevention of Corruption Act has been registered against the accused at VB police station Patiala and further investigations was under progress.

ਪੰਜਾਬ ਵਿਜੀਲੈਂਸ ਬਿਊਰੋ

**ਵਿਜੀਲੈਂਸ ਵਲੋਂ ਜੂਨੀਅਰ ਲੇਖਾਕਾਰ 5,000 ਰੁਪਏ ਦੀ ਰਿਸ਼ਵਤ ਲੈਂਦਾ ਕਾਬੂ**

ਚੰਡੀਗੜ੍ਹ, 22 ਅਗਸਤ: ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਅੱਜ ਖ਼ੁਰਾਕ ਤੇ ਵੰਡ ਵਿਭਾਗ ਦੇ ਪਟਿਆਲ਼ਾ ਦਫਤਰ ਵਿਖੇ ਤਾਇਨਾਤ ਜੂਨੀਅਰ ਲੇਖਾਕਾਰ ਜਸਪਾਲ ਸਿੰਘ ਨੂੰ 5,000 ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕਰ ਲਿਆ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਓਰੋ ਦੇ ਬੁਲਾਰੇ ਨੇ ਦੱਸਿਆ ਕਿ ਜੂਨੀਅਰ ਲੇਖਾਕਾਰ ਨੂੰ ਸ਼ਿਕਾਇਤਕਰਤਾ ਹਰਿਦਰ ਪਾਲ, ਮਾਲਕ ਸ੍ਰੀ ਰਾਮ ਸ਼ਰਨਮ ਰਾਈਸ ਮਿੱਲ, ਪਿੰਡ ਦੁਗਾਲ, ਪਾਤੜਾਂ, ਜਿਲਾ ਪਟਿਆਲ਼ਾ ਦੀ ਸ਼ਿਕਾਇਤ 'ਤੇ 5,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਗਿਆ ਹੈ। ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਨੂੰ ਆਪਣੀ ਸ਼ਿਕਾਇਤ ਵਿੱਚ ਦੋਸ਼ ਲਾਇਆ ਕਿ ਉਕਤ ਜੂਨੀਅਰ ਲੇਖਾਕਾਰ ਵਲੋਂ ਉਸ ਦੀ ਚੌਲ ਮਿੱਲ ਦੇ ਬਿੱਲ ਪਾਸ ਕਰਨ ਬਦਲੇ 5,000 ਰੁਪਏ ਦੀ ਮੰਗ ਕੀਤੀ ਗਈ ਹੈ।

ਵਿਜੀਲੈਂਸ ਵਲੋਂ ਸ਼ਿਕਾਇਤ ਦੀ ਪੜਤਾਲ ਉਪਰੰਤ ਉਕਤ ਦੋਸ਼ੀ ਮੁਲਾਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜਰੀ ਵਿਚ 5,000 ਰੁਪਏ ਦੀ ਰਿਸ਼ਵਤ ਲੈਂਦਿਆਂ ਉਸ ਦੇ ਦਫਤਰ ਵਿੱਚੋਂ ਹੀ ਦਬੋਚ ਲਿਆ।ਬੁਲਾਰੇ ਨੇ ਦੱਸਿਆ ਕਿ ਉਕਤ ਦੋਸ਼ੀ ਖਿਲਾਫ਼ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਵਿਜੀਲੈਂਸ ਬਿਓਰੋ ਦੇ ਥਾਣਾ ਪਟਿਆਲ਼ਾ ਵਿਖੇ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਹੈ।